aglasem.com

# SAMPLE PAPER

## Punjab Board

## 2024



# ਨਮੂਨੇ ਦਾ ਪ੍ਰਸ਼ਨ ਪੱਤਰ

## ਸ਼੍ਰੇਣੀ: ਦਸਵੀਂ

## ਪੰਜਾਬੀ- ਏ

## 2023-24

**ਸਮਾਂ: 3 ਘੰਟੇ** **ਕੁੱਲ ਅੰਕ: 65**

1. ਇਹ ਪ੍ਰਸ਼ਨ ਸੁੰਦਰ ਲਿਖਾਈ ਲਈ ਰਾਖਵਾਂ ਹੈ। 5

2. ਵਸਤੁਨਿਸ਼ਠ ਪ੍ਰਸ਼ਨ :

(ੳ) ਗੁਰੂ ਅੰਗਦ ਦੇਵ ਜੀ ਕਿਸ ਕਾਵਿ-ਧਾਰਾ ਨਾਲ਼ ਸੰਬੰਧਿਤ ਹਨ ? 2

(ਅ) 'ਚੰਡੀ ਦੀ ਵਾਰ' ਦੀ ਰਚਨਾ ਕਿਸ ਨੇ ਕੀਤੀ ਹੈ? 2

(ੲ) ਕੀ ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਕਹਿੰਦੇ ਹਨ? 2

(ਸ) 'ਰਬਾਬ ਮੰਗਾਉਨ ਦਾ ਵਿਰਤਾਂਤ' ਲੇਖ ਦਾ ਲੇਖਕ ਕੌਣ ਹੈ ? 2

(ਹ) 'ਬਾਗ਼ੀ ਦੀ ਧੀ' ਕਹਾਣੀ ਕਿਸ ਕਹਾਣੀਕਾਰ ਦੀ ਲਿਖੀ ਹੋਈ ਹੈ ? 2

(ਕ) 'ਕੁਲਫ਼ੀ' ਕਹਾਣੀ ਦੇ ਕਿਸੇ ਇੱਕ ਪਾਤਰ ਦਾ ਨਾਂ ਲਿਖੋ। 2

(ਖ) ਬਲਵੰਤ ਗਾਰਗੀ ਦੀ ਕਿਹੜੀ ਇਕਾਂਗੀ 'ਵੰਨਗੀ' ਵਿੱਚ ਦਰਜ ਹੈ ? 2

(ਗ) 'ਸਮੁੰਦਰੋਂ ਪਾਰ' ਇਕਾਂਗੀ ਅਨੁਸਾਰ ਬਲਵੰਤ ਢਿੱਲੋਂ ਹਰਦੇਵ ਦਾ ਕੀ ਲਗਦਾ ਸੀ ? 2

(ਘ) "ਇੱਕ ਹੋਰ ਨਵਾਂ ਸਾਲ' ਦੇ ਕਾਂਡ ਤਿੰਨ ਦਾ ਕੀ ਨਾਂ ਹੈ ? 2

(ਙ) 'ਇੱਕ ਹੋਰ ਨਵਾਂ ਸਾਲ' ਦੇ ਕਾਂਡ ਦੋ ਦੇ ਕਿਸੇ ਇੱਕ ਪੁੱਤਰ ਦਾ ਨਾਂ ਲਿਖੋ। 2

2x10 = 20

3. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿੱਚ ਲਿਖੋ :

(ੳ) ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥
ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ 5

(ਅ) ਸਾਈ ਜਿਨ੍ਹਾਂਦੜੇ ਵਲਿ,

ਤਿਨ੍ਹਾਂ ਨੂੰ ਗਮ ਕੈਂਦਾ, ਵੇ ਲੋਕਾ ।

ਸੇਈ ਭਲੀਆਂ ਜੋ ਰੱਬ ਵਲਿ ਆਈਆਂ,

ਜਿਨ੍ਹਾਂ ਨੂੰ ਇਸ਼ਕ ਚਰੋਕਾ ਵੇ ਲੋਕਾ ।

ਇਸ਼ਕੇ ਦੀ ਸਿਰ ਖਾਰੀ ਚਾਈਆ,

ਦਰ ਦਰ ਦੇਨੀਆਂ ਹੋਕਾ ਵੇ ਲੋਕਾ |2| 5

(ੲ) ਕੁਛ ਡਿਗਦੀ ਕੁਝ ਢਹਿੰਦੀ ਉਠਦੀ, ਬਹਿੰਦੀ ਤੇ ਦਮ ਲੈਂਦੀ ।

ਜਿਉ ਕਰ ਤੋਟ ਸ਼ਰਾਬੋਂ ਆਵੇ, ਫੇਰ ਉਤੇ ਵਲ ਪੈਂਦੀ ।

ਢੂਡੋ ਖੋਜ ਸ਼ੁਤਰ ਦਾ ਕਿਤ ਵਲ, ਹਰਗਿਜ਼ ਭਾਲ ਨਾ ਪੈਂਦੀ ।

ਹਾਸ਼ਮ ਜਗਤ ਨਾ ਕਿਉ ਕਰ ਗਾਵੇ, ਪ੍ਰੀਤ ਸੰਪੂਰਨ ਜੇਂਦੀ ।

(ਸ) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,

ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ ।

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,

ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ । 5

4. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ :

(ੳ) ਸਤਿਗੁਰ ਨਾਨਕ ਪ੍ਰਗਟਿਆ (ਭਾਈ ਗੁਰਦਾਸ ਜੀ)

(ਅ) ਇਸ਼ਕ ਦੀ ਨਵੀਉਂ ਨਵੀਂ ਬਹਾਰ (ਬੁੱਲ੍ਹੇ ਸ਼ਾਹ ਜੀ) 4

5. ਹੇਠ ਲਿਖੇ ਲੇਖਾਂ ਵਿੱਚ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ:

(ੳ) ਪ੍ਰਾਰਥਨਾ (ਡਾ. ਬਲਬੀਰ ਸਿੰਘ)

(ਅ) ਮਹਾਂਕਵੀ ਕਾਲੀਦਾਸ (ਪ੍ਰੋ. ਪਿਆਰਾ ਸਿੰਘ ਪਦਮ) 5

6. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ :

(ੳ) ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਕਿਵੇਂ ਹੁੰਦਾ ਹੈ ? 2

(ਅ) ਅਰਦਾਸ ਕਦੋਂ ਅਤੇ ਕਿਉਂ ਕੀਤੀ ਜਾਂਦੀ ਹੈ ? 2

(ੲ) ਬਚਪਨ `ਚ ਬੋਲੀ ਦਾ ਖ਼ਜਾਨਾ ਸਾਨੂੰ ਕਿਵੇਂ ਅਮੀਰ ਬਣਾ ਦਿੰਦਾ ਹੈ ? 2

(ਸ) ਪੁਰਾਣੇ ਸਮੇਂ ਵਿੱਚ ਭਲਵਾਨ ਕਿਵੇਂ ਪਿੰਡਾਂ ਉੱਤੇ ਫ਼ਤਿਹ ਪ੍ਰਾਪਤ ਕਰਦੇ ਸਨ ? 2

2+2=4

7. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ:

(ੳ) ਮੜ੍ਹੀਆਂ ਤੋਂ ਦੂਰ (ਰਘੁਬੀਰ ਢੰਡ)

(ਅ) ਇੱਕ ਪੈਰ ਘੱਟ ਤੁਰਨਾ (ਅਜੀਤ ਕੌਰ) 5

8. ਕਹਾਣੀਆਂ ਦੇ ਆਧਾਰ 'ਤੇ ਪੁੱਛੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਲਿਖੋ :

(ੳ) ਕੁਲਫ਼ੀ ਵਾਲੇ ਦਾ ਹੋਕਾ ਸੁਣ ਕੇ ਲੇਖਕ ਕੀ ਸੋਚਣ ਲੱਗਾ ? 2

(ਅ) ਅਮਰੀਕ ਸਿੰਘ ਨੂੰ ਆਪਣੇ ਘਰਦਿਆਂ ਨਾਲ ਕਿਸ ਗੱਲ ਦੀ ਇਤਰਾਜ਼ ਸੀ 2

(ੲ) ਕਰਤਾਰ ਸਿੰਘ ਦੇ ਛੋਟੀ ਉਮਰੇ ਹੀ ਦੁਨੀਆ ਤੋਂ ਤੁਰ ਜਾਣ ਦੇ ਕੀ ਕਾਰਨ ਸਨ ? 2

(ਸ) ਬੰਮ ਨੂੰ ਮਾਤਾ ਦੀਨ ਨਾਲ ਕਿਸ ਗੱਲ ਈਰਖਾ ਸੀ ? 2

2+2=4

9. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ :

(ੳ) ਵਜ਼ੀਰਾ (ਇਕਾਂਗੀ : ਬੰਬ ਕੇਸ)

(ਅ) ਮਰਸੀ (ਇਕਾਂਗੀ : ਸਮੁੰਦਰੋਂ ਪਾਰ) 5

10. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਨਹੀਂ ਤੂੰ ਭੁਲੇਖੇ ਵਿੱਚ ਰਿਹਾ ਹੈ। ਅਸ਼ੋਕ ਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ ਰਾਜ ਦੀਆਂ ਨੀਹਾਂ ਪੱਕੀਆਂ ਹੁੰਦੀਆਂ ਹਨ। ਸਿੱਖ, ਮਰਾਠੇ, ਰਾਜਪੂਤ, ਸੰਤ, ਸਾਧੂ, ਸ਼ੀਆ, ਸੂਫ਼ੀ, ਕੁੱਲ ਹਿੰਦੂ ਜਾਤੀ ਤੇਰੀ ਹਕੂਮਤ ਤੋਂ ਦੁਖੀ ਹੈ।”

ਪ੍ਰਸ਼ਨ :

(i) ਇਹ ਸ਼ਬਦ ਕਿਸ ਨੇ, ਕਿਸਨੂੰ ਅਤੇ ਕਦੋਂ ਕਹੇ ? 1

(ii) ਅਸ਼ੋਕ ਤੇ ਅਕਬਰ ਨੇ ਆਪਣੇ ਰਾਜ ਦੀਆਂ ਨੀਂਹਾਂ ਕਿਵੇਂ ਪੱਕੀਆਂ ਕੀਤੀਆਂ ਸਨ ? 1

(iii) ਔਰੰਗਜ਼ੇਬ ਦੀ ਹਕੂਮਤ ਤੋਂ ਦੁਖੀ ਕਿਹੜੇ ਲੋਕਾਂ ਦਾ ਜ਼ਿਕਰ ਕੀਤਾ ਗਿਆ ਹੈ ? 1

ਜਾਂ

(ਅ) ‘‘ਮੈਨੂੰ ਪਹਿਲਾਂ ਈ ਸ਼ੱਕ ਸੀ। ਉਹ ਮੇਰੇ ਨਾਲ ਅੱਖਾਂ ਨਹੀਂ ਮੇਲ਼ ਸਕਣਗੇ। ਉਹਨਾਂ ਦੀ ਸ਼ਰਾਫ਼ਤ ਦਾ

ਛੁੰਗਲਮਾਟਾ ਪਾਟ ਜੁ ਜਾਣਾ ਹੋਇਆ ਤੇ ਫੇਰ ਮੈਂ ਵੀ ਪਾਣੀ ਰਿੜਕ ਕੇ ਕੀ ਲੈਣਾ ? ਨੀਟੂ ਬਾਰੇ ਤੁਸੀਂ ਪੁੱਛ ਲੈਣਾ, ਉਹ ਝੋਲ਼ੀ ਪਾਂਦੇ ਨੇ ਜਾਂ ਨਹੀਂ ।''

ਪ੍ਰਸ਼ਨ:

(i) ਇਹ ਸ਼ਬਦ ਕਿਸ ਨੇ, ਕਿਸ ਨੂੰ ਅਤੇ ਕਦੋਂ ਕਹੇ ? 1

(ii) ਸ਼ਰਨਜੀਤ ਨੂੰ ਬਾਜਵੇ 'ਤੇ ਕੀ ਸ਼ੱਕ ਸੀ ? 1

(ii) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਲਏ ਗਏ ਹਨ ? 1

11. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ:

(ੳ) ਤਾਰੋ

(ਅ) ਫੁੰਮਣ 5